# Official Spokesperson's response to a media query on the Joint Press Release of the China-Pakistan Foreign Ministers’ strategic dialogue

August 22, 2020

## ਚੀਨ-ਪਾਕਿਸਤਾਨ ਦੇ ਵਿਦੇਸ਼ ਮੰਤਰੀਆਂ ਦੀ ਰਣਨੀਤਕ ਗੱਲਬਾਤ ਬਾਰੇ ਜਾਰੀ ਸਾਂਝੇ ਪ੍ਰੈਸ ਬਿਆਨ ਉੱਤੇ ਮੀਡੀਆ ਦੇ ਸਵਾਲ ਦਾ ਅਧਿਕਾਰਿਤ ਬੁਲਾਰੇ ਵੱਲੋਂ ਜਵਾਬ

22 ਅਗਸਤ, 2020

ਚੀਨ-ਪਾਕਿਸਤਾਨ ਦੇ ਵਿਦੇਸ਼ ਮੰਤਰੀਆਂ ਦੀ ਰਣਨੀਤਕ ਗੱਲਬਾਤ ਬਾਰੇ ਜਾਰੀ ਸਾਂਝੇ ਪ੍ਰੈਸ ਬਿਆਨ ਉੱਤੇ ਮੀਡੀਆ ਦੇ ਸਵਾਲ ਦੇ ਜਵਾਬ 'ਚ ਅਧਿਕਾਰਿਤ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ:

ਪਹਿਲਾਂ ਦੀ ਤਰਾਂ ਹੀ, ਅਸੀਂ ਚੀਨ-ਪਾਕਿਸਤਾਨ ਦੇ ਵਿਦੇਸ਼ ਮੰਤਰੀਆਂ ਦੀ ਰਣਨੀਤਕ ਗੱਲਬਾਤ ਦੇ ਦੂਜੇ ਦੌਰ ਬਾਰੇ ਜਾਰੀ ਕੀਤੇ ਗਏ ਸਾਂਝੇ ਪ੍ਰੈਸ ਬਿਆਨ 'ਚ ਜੰਮੂ ਅਤੇ ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਦੇ ਜ਼ਿਕਰ ਨੂੰ ਸਾਫ ਤੌਰ ਤੇ ਨਕਾਰਦੇ ਹਾਂ। ਜੰਮੂ ਅਤੇ ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਭਾਰਤ ਦਾ ਅਟੁੱਟ ਅਤੇ ਅਨਿਖੜਵਾਂ ਹਿੱਸਾ ਹੈ ਅਤੇ ਅਸੀਂ ਸੰਬੰਧਤ ਪੱਖਾਂ ਤੋਂ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਦਖਲ ਨਾ ਦੇਣ ਦੀ  ਆਸ ਰੱਖਦੇ ਹਾਂ।

ਇਸਦੇ ਨਾਲ ਨਾਲ ਅਸੀਂ ਅਖੌਤੀ  ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਬਾਰੇ ਆਪਣਾ ਪੁਰਾਣਾ ਨਜ਼ਰੀਆ ਮੁੜ ਤੋਂ ਦੁਹਰਾਂਦੇ ਹਾਂ। ਭਾਰਤ ਨੇ ਵਾਰ ਵਾਰ ਅਖੌਤੀ ਚੀਨ-ਪਾਕਿਸਤਾਨ ਆਰਥਿਕ ਗਲਿਆਰੇ  ਅਧੀਨ ਪ੍ਰੋਜੈਕਟਾਂ, ਜੋ ਪਾਕਿਸਤਾਨ ਵੱਲੋਂ ਗੈਰ-ਕਾਨੂੰਨੀ ਤੌਰ ਤੇ ਕਬਜ਼ਾਏ ਗਏ

ਭਾਰਤੀ ਖੇਤਰ 'ਚ ਬਣੇ ਹਨ, ਨਾਲ ਸੰਬੰਧਤ ਆਪਣੀਆਂ ਚਿੰਤਾਵਾਂ ਬਾਰੇ ਚੀਨ ਅਤੇ ਪਾਕਿਸਾਤਨ, ਦੋਨਾਂ ਨੂੰ ਜਾਣੂ ਕਰਾਇਆ ਹੈ। ਅਸੀਂ ਦ੍ਰਿੜਤਾ ਨਾਲ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਅੰਦਰ ਮੌਜੂਦਾ ਹਾਲਤ ਨੂੰ ਬਦਲਣ ਲਈ ਦੂਜੇ ਦੇਸ਼ਾਂ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਵਿਰੋਧ ਕਰਦੇ ਹਾਂ ਅਤੇ ਸੰਬੰਧਤ ਪੱਖਾਂ ਨੂੰ ਅਜਿਹੇ ਕੰਮ ਬੰਦ ਕਰਨ ਲਈ ਕਹਿੰਦੇ ਹਾਂ।

ਨਵੀਂ ਦਿੱਲੀ
22 ਅਗਸਤ, 2020

DISCLAIMER: This is an approximate translation. The original is available in English on MEA’s website and may be referred to as the official press release.